**ਪੰਜਾਬ ਸਕੂਲ ਸਿੱਖਿਆ ਬੋਰਡ** **ਐਨ-1-ਬੀ**(14000)

ਵੱਲੋਂ ਵੱਲ

ਸਕੱਤਰ,
ਪੰਜਾਬ ਸਕੂਲ ਸਿਖਿਆ ਬੋਰਡ
ਐਸ.ਏ.ਐਸ. ਨਗਰ(ਮੋਹਾਲੀ) 160062

ਰਾਜ ਦੇ ਸਮੂਹ ਸਕੂਲਾਂ ਦੇ ਮੁੱਖੀ
ਸਰਕਾਰੀ/ਏਡਿਡ/ਐਫਿਲੀਏਟਿਡ/ਐਸੋਸੀਏਟਿਡ
ਹਾਈ/ਸੀਨੀ:ਸੈਕੰ.ਸਕੂਲ

---

ਪੱਤਰ ਨੰ:ਪਸਸਬ-ਰਜਿ/ਮਾਈ/2013-2014/29701-39700 ਮਿਤੀ:ਮੋਹਾਲੀ-21-03-2013

**ਵਿਸ਼ਾ :-ਦਾਖਲਾ ਸਾਲ 2013-2014 ਲਈ ਨੌਵੀਂ/ਦੱਸਵੀਂ ਸ਼੍ਰੇਣੀ ਵਿੱਚ ਵਿਦਿਆਰਥੀਆਂ ਦੀ ਰਜਿਸਟਰੇਸ਼ਨ/ਕੰਟਿਨਿਊਏਸ਼ਨ ਰਿਟਰਨਾਂ ਭੇਜਣ ਸੰਬੰਧੀ।**

ਸ਼੍ਰੀਮਾਨ/ਸ਼੍ਰੀਮਤੀ ਜੀ,

ਸਾਲ/ਸੈਸ਼ਨ 2013-14 ਲਈ ਜਿਹੜੇ ਵਿਦਿਆਰਥੀਆਂ ਦੀ ਰਜਿਸਟਰੇਸ਼ਨ ਪਹਿਲਾਂ ਹੋ ਚੁੱਕੀ ਹੈ, ਉਨ੍ਹਾਂ ਦੀ ਰਜਿਸਟਰੇਸ਼ਨ ਕੰਟੀਨਿਉ ਹੋਣੀ ਹੈ ਜਿਹੜੇ ਵਿਦਿਆਰਥੀ ਨੌਵੀਂ/ਦੱਸਵੀਂ ਸ਼੍ਰੇਣੀ ਵਿੱਚ ਦਾਖਲ ਕੀਤੇ ਹਨ, ਰਜਿਸਟਰਡ ਨਹੀਂ ਹੋਏ ਅਤੇ ਯੋਗਤਾ ਰੱਖਦੇ ਹਨ, ਦੀ ਨਵੀਂ ਰਜਿਸਟਰੇਸ਼ਨ ਹੋਣੀ ਹੈ । ਇਹ ਰਿਟਰਨਾਂ ਹੇਠ ਲਿਖੇ ਅਨੁਸਾਰ ਲੜੀ ਨੰਬਰ 8 ਤੇ ਦਰਸਾਏ ਸ਼ਡਿਊਲ ਮੁਤਾਬਕ ਭਰ ਕੇ ਮੁੱਖ ਦਫ਼ਤਰ ਜਾਂ ਜਿਲ੍ਹਾ ਖੇਤਰੀ ਦਫ਼ਤਰ, ਪੰਜਾਬ ਸਕੂਲ ਸਿੱਖਿਆ ਬੋਰਡ ਵਿਖੇ ਲੋੜੀਂਦੀ ਫੀਸ ਨਾਲ ਪਹੁੰਚ ਜਾਣੀਆਂ ਚਾਹੀਦੀਆਂ ਹਨ।

**(ਰਿਟਰਨ ਫਾਰਮ ਭਰਨ ਲਈ ਇੱਕ ਵਿਦਿਆਰਥੀ ਲਈ ਇੱਕ ਲਾਈਨ ਪੰਜਾਬੀ ਵਿੱਚ ਅਤੇ ਇੱਕ ਲਾਈਨ ਅੰਗਰੇਜ਼ੀ ਦੇ ਵੱਡੇ ਅੱਖਰਾਂ ਲਈ ਵਰਤੀ ਜਾਵੇ)**

**(ੳ) ਫਾਰਮ ਨੰ: ਐਨ 1 ਦੀ ਇੱਕ ਪਰਤ** **(ਅ) ਫਾਰਮ ਨੰ: ਐਨ 2 ਦੀਆਂ ਦੋ ਪਰਤਾਂ ਭੇਜੀਆ ਜਾਣ**

**(ੲ) ਫਾਰਮ ਨੰ: ਐਮ 2 ਦੀਆਂ ਤਿੰਨ ਪਰਤਾਂ ਭੇਜੀਆਂ ਜਾਣ**

1. ਵੇਰਵੇ ਦਾਖਲਾ ਖਾਰਜ ਰਜਿਸਟਰ ਮੁਤਾਬਕ ਅਤੇ ਪੂਰੇ ਭਰਨੇ ਜ਼ਰੂਰੀ ਹਨ। ਕਿਸੇ ਵੀ ਤਰ੍ਹਾਂ ਦੀ ਸੋਧ ਤੇ ਸਕੂਲ ਮੁੱਖੀ ਦੇ ਹਸਤਾਖਰ ਅਤੇ ਸਕੂਲ ਦੀ ਮੋਹਰ ਜਰੂਰੀ ਹੈ। ਦਫਤਰ ਵਿੱਚ ਰਿਟਰਨ ਪ੍ਰਾਪਤ ਹੋਣ ਤੋਂ ਬਾਅਦ ਜੇਕਰ ਵਿਦਿਆਰਥੀ ਦੇ ਵੇਰਵੇ ਭਰਨ ਸਮੇਂ ਸਕੂਲ ਵੱਲੋਂ ਕੋਈ ਗਲਤੀ ਹੁੰਦੀ ਹੈ ਤਾਂ ਇਸ ਦੀ ਜਿੰਮੇਵਾਰੀ ਸਕੂਲ ਮੁੱਖੀ ਦੀ ਆਪਣੀ ਹੋਵੇਗੀ।

2. ਨੌਵੀ ਸ਼੍ਰੇਣੀ ਵਿੱਚ ਉਹ ਵਿਦਿਆਰਥੀ ਹੀ ਦਾਖਲ ਹੋਣੇ ਚਾਹੀਦੇ ਹਨ,ਜਿੰਨ੍ਹਾਂ ਨੇ ਅੱਠਵੀਂ ਸ਼੍ਰੇਣੀ ਸਰਕਾਰੀ/ਏਡਿਡ/ਐਫੀਲੀਏਟਿਡ ਅਤੇ ਐਸੋਸੀਏਟਿਡ ਸਕੂਲ ਤੋਂ ਪਾਸ ਕੀਤੀ ਹੋਵੇ ਅਤੇ ਇਸੇ ਤਰਾਂ ਦੱਸਵੀਂ ਸ਼੍ਰੇਣੀ ਵਿੱਚ ਉਹ ਵਿਦਿਆਰਥੀ ਹੀ ਦਾਖਲ ਹੋਣੇ ਚਾਹੀਦੇ ਹਨ, ਜਿਨ੍ਹਾਂ ਨੇ ਨੌਵੀ ਸ਼੍ਰੇਣੀ ਸਰਕਾਰੀ/ਏਡਿਡ/ਐਫੀਲੀਏਟਿਡ ਅਤੇ ਐਸੋਸੀਏਟਿਡ ਸਕੂਲ ਤੋਂ ਪਾਸ ਕੀਤੀ ਹੋਵੇ।

3. (ੳ) ਦਾਖਲਾ ਅਕਾਦਮਿਕ ਸ਼ਾਖਾ ਵੱਲੋਂ ਜਾਰੀ ਕੀਤੇ ਦਾਖਲਾ ਮਿਤੀਆਂ ਦੇ ਸ਼ਡਿਊਲ ਅਨੁਸਾਰ ਹੀ ਕੀਤਾ ਜਾਵੇ। ਜਿਹੜਾ ਵਿਦਿਆਰਥੀ ਕਿਸੇ ਹੋਰ ਸਕੂਲ ਵਿੱਚ ਪਹਿਲਾਂ ਹੀ ਦਾਖਲ ਹੋ ਚੁੱਕਾ ਹੈ ਅਤੇ ਦਾਖਲਾ ਸ਼ਡਿਊਲ ਦੇ ਦੌਰਾਨ ਕਿਸੇ ਹੋਰ ਸਕੂਲ ਵਿੱਚ ਦਾਖਲਾ ਲੈਣਾ ਚਾਹੁੰਦਾ ਹੈ ਤਾਂ ਉਸਨੂੰ ਸਕੂਲ ਤੋਂ ਸਕੂਲ ਮਾਈਗਰੇਸ਼ਨ ਦੀ ਜਰੂਰਤ ਨਹੀਂ। ਅਕਾਦਮਿਕ ਸ਼ਾਖਾ ਵੱਲੋਂ ਜਾਰੀ ਕੀਤੇ ਦਾਖਲਾ ਸ਼ਡਿਊਲ ਦੀਆਂ ਮਿਤੀਆਂ ਤੋਂ ਬਾਅਦ ਆਪਣੀ ਸੰਸਥਾ ਵਿੱਚ ਬੋਰਡ ਵੱਲੋਂ ਜਾਰੀ ਮਾਈਗਰੇਸ਼ਨ ਸਰਟੀਫਿਕੇਟ ਪ੍ਰਾਪਤ ਕਰਨ ਤੋਂ ਬਿਨਾਂ ਦਾਖਲ ਨਾ ਕੀਤਾ ਜਾਵੇ, ਜਿਸ ਵਿਦਿਆਰਥੀ ਨੇ ਸਰਕਾਰੀ/ਏਡਿਡ/ ਐਫੀਲੀਏਟਿਡ ਅਤੇ ਐਸੋਸੀਏਟਿਡ (ਪੰਜਾਬ ਸਕੂਲ ਸਿੱਖਿਆ ਬੋਰਡ ) ਤੋਂ ਨੌਵੀ ਸ਼੍ਰੇਣੀ ਪਾਸ ਕੀਤੀ ਹੈ ਅਤੇ ਸਕੂਲ ਛੱਡਣ ਵਾਲੇ ਸਰਟੀਫਿਕੇਟ ਤੇ ਉਸ ਦਾ ਰਜਿਸਟਰੇਸ਼ਨ ਨੰਬਰ ਦਰਜ਼ ਹੈ, ਉਹ ਕਿਸੇ ਵੀ ਸਕੂਲ ਵਿੱਚ ਦੱਸਵੀਂ ਸ਼੍ਰੇਣੀ ਵਿੱਚ ਦਾਖਲੇ ਲਈ ਯੋਗ ਹੈ। ਬੋਰਡ ਵੱਲੋਂ ਜਾਰੀ ਦਾਖਲਾ ਸ਼ਡਿਊਲ ਦੀਆਂ ਮਿਤੀਆਂ ਤੱਕ ਮਾਈਗਰੇਸ਼ਨ ਦੀ ਲੋੜ ਨਹੀ ਹੈ।

   (ਅ)ਨੌਵੀਂ/ਦਸਵੀਂ ਸ਼੍ਰੇਣੀ ਦੀ ਸਕੂਲ ਤੋਂ ਸਕੂਲ ਮਾਈਗਰੇਸ਼ਨ 31 ਦਸੰਬਰ ਤੱਕ 1000/- ਰੁ: ਫੀਸ ਨਾਲ ਕੀਤੀ ਜਾਵੇਗੀ। ਇਸ ਤੋਂ ਬਾਅਦ 1500/- ਰੁ: ਫੀਸ ਨਾਲ ਵਿਰਲੇ ਕੇਸਾਂ ਵਿੱਚ ਜਿਵੇਂ ਮਾਤਾ/ਪਿਤਾ/ਗਾਰਡੀਅਨ ਦੀ ਬਦਲੀ/ਅਚਾਨਕ ਮੌਤ ਹੋਣ ਦੀ ਸੂਰਤ ਵਿੱਚ ਮਾਈਗਰੇਸ਼ਨ ਮਾਨਯੋਗ ਚੇਅਰਮੈਨ ਸਾਹਿਬ ਵੱਲੋਂ ਆਗਿਆ ਦੇਣ ਉਪਰੰਤ ਹੀ ਕੀਤੀ ਜਾਵੇਗੀ। ਅਜਿਹਾ ਕਰਨ ਲਈ ਵਿਦਿਆਰਥੀ ਸਕੂਲ ਤੋਂ ਸਕੂਲ ਮਾਈਗਰੇਸ਼ਨ ਫਾਰਮ ਦੋਵੇਂ ਸਕੂਲ ਮੁਖੀਆਂ ਤੋਂ ਤਸਦੀਕ ਕਰਵਾਉਣਗੇ।

4. ਬੋਰਡ ਵੱਲੋਂ ਜਾਰੀ ਦਾਖਲਾ ਸ਼ਡਿਊਲ ਦੀਆ ਮਿਤੀਆਂ ਖਤਮ ਹੋਣ ਉਪਰੰਤ ਦੂਜੇ ਰਾਜ/ਬੋਰਡ ਤੋਂ ਪੜਦੇ ਆ ਰਹੇ ਵਿਦਿਆਰਥੀ ਕਿਸੇ ਵੀ ਸੂਰਤ ਵਿੱਚ ਨੌਵੀਂ/ਦੱਸਵੀਂ ਸ਼੍ਰੇਣੀ ਵਿੱਚ ਲੇਟ ਦਾਖਲੇ/ਇੰਟਰ ਬੋਰਡ ਮਾਈਗਰੇਸ਼ਨ ਫਾਰਮ ਤੇ ਰਜਿਸਟਰੇਸ਼ਨ ਸ਼ਾਖਾ ਵੱਲੋਂ ਪੂਰਵ ਪ੍ਰਵਾਨਗੀ ਲਏ ਬਿਨਾਂ ਦਾਖਲ ਨਾ ਕੀਤੇ ਜਾਣ । ਇੰਟਰ ਬੋਰਡ ਮਾਈਗਰੇਸ਼ਨ ਦੀ ਫੀਸ **1000/-** ਰੁਪਏ ਪ੍ਰਤੀ ਵਿਦਿਆਰਥੀ ਹੋਵੇਗੀ।

5. ਯੋਗਤਾ ਸਬੰਧੀ ਜਿੰਮੇਵਾਰੀ ਨਿਰੋਲ ਸਕੂਲ ਮੁੱਖੀ ਦੀ ਹੈ ਇਸ ਲਈ ਸਮਾਨਤਾ ਸੂਚੀ ਨੂੰ ਮੁੱਖ ਰੱਖ ਕੇ ਹੀ ਵਿਦਿਆਰਥੀਆਂ ਦੇ ਦਾਖਲੇ ਪ੍ਰਵਾਨ ਕੀਤੇ ਜਾਣ। ਇਸ ਮਕਸਦ ਲਈ ਇੱਕ ਦਾਖਲਾ ਪੜਤਾਲ ਕਮੇਟੀ ਬਣਾਈ ਜਾਵੇ ਜੋ ਪੂਰਵ ਘੋਖ ਕਰਕੇ ਯੋਗਤਾ ਚੈੱਕ ਕਰੇ, ਤਾਂ ਜੋ ਕੋਈ ਅਯੋਗ ਵਿਦਿਆਰਥੀ ਦਾਖਲ ਨਾ ਹੋ ਸਕੇ। ਅਯੋਗ ਵਿਦਿਆਰਥੀਆਂ ਦਾ ਦਾਖਲਾ ਸਕੂਲ/ਬੋਰਡ ਲਈ ਗੰਭੀਰ ਔਕੜਾਂ ਪੈਦਾ ਕਰ ਸਕਦਾ ਹੈ। ਬਾਅਦ ਵਿੱਚ ਅਜਿਹੇ ਕੇਸ ਸਭ ਲਈ ਕਾਨੂੰਨੀ ਮਸਲੇ ਖੜੇ ਕਰ ਸਕਦੇ ਹਨ।

6. ਦਸਵੀਂ ਸ਼੍ਰੇਣੀ ਦਾ ਦਾਖਲਾ ਫਾਰਮ ਭੇਜਣ ਵੇਲੇ ਵਿਦਿਆਰਥੀਆਂ ਦਾ ਰਜਿਸਟਰੇਸ਼ਨ ਨੰਬਰ ਜਰੂਰ ਲੱਗਿਆ ਹੋਣਾ ਚਾਹੀਦਾ ਹੈ। ਇਸ ਸਬੰਧੀ ਜਿੰਮੇਵਾਰੀ ਸਕੂਲ ਮੁੱਖੀ ਦੀ ਹੈ।

**ਰਿਟਰਨ ਫਾਰਮ ਭਰਨ ਦੀਆ ਹਦਾਇਤਾਂ ਹੇਠ ਲਿਖੇ ਅਨੁਸਾਰ ਹਨ:-**

ੳ) ਫਾਰਮ ਨੰ: ਐਨ-1 (ਨੌਵੀਂ ਸ਼੍ਰੇਣੀ ਲਈ) ਇਸ ਫਾਰਮ ਵਿੱਚ ਉਹਨਾਂ ਵਿਦਿਆਰਥੀਆਂ ਦੇ ਵੇਰਵੇ ਦਰਜ ਕਰਨੇ ਹਨ, ਜਿਨ੍ਹਾ ਨੂੰ ਰਜਿ: ਨੰਬਰ ਅਲਾਟ ਨਹੀਂ ਹੋਇਆ। **ਫੀਸ....150/-..ਰੁ ਪ੍ਰਤੀ ਵਿਦਿਆਰਥੀ ਹੋਵੇਗੀ। ਐਸੋਸੀਏਟਿਡ ਸਕੂਲਾਂ ਲਈ ਫੀਸ 250/-ਰੁ: ਪ੍ਰਤੀ ਵਿਦਿਆਰਥੀ ਹੋਵੇਗੀ।**

ਅ) ਫਾਰਮ ਨੰ:ਐਨ -2 (ਨੌਵੀਂ ਸ਼੍ਰੇਣੀ) ਇਸ ਫਾਰਮ ਵਿੱਚ ਉਹਨਾਂ ਵਿਦਿਆਰਥੀਆਂ ਦੇ ਵੇਰਵੇ ਦਰਜ ਕਰਨੇ ਹਨ, ਜਿਨ੍ਹਾਂ ਨੇ ਅੱਠਵੀਂ ਦੀ ਪਰੀਖਿਆ ਕਿਸੇ ਹੋਰ ਰਾਜ/ਬੋਰਡ ਤੋਂ ਪਾਸ ਕੀਤੀ ਹੋਵੇ। **ਫੀਸ ...1000/-ਰੁ ਪ੍ਰਤੀ ਵਿਦਿਆਰਥੀ ਹੋਵੇਗੀ।**

ੲ) ਫਾਰਮ ਨੰ:ਐਨ-3 (ਨੌਵੀਂ ਸ਼੍ਰੇਣੀ) ਇਸ ਫਾਰਮ ਵਿੱਚ ਉਹਨਾਂ ਵਿਦਿਆਰਥੀਆਂ ਦੇ ਵੇਰਵੇ ਦਰਜ ਕਰਨੇ ਹਨ ਜੋ ਬੋਰਡ ਨਾਲ ਪਹਿਲਾ ਤੋਂ ਹੀ ਰਜਿਸਟਰਡ ਹਨ। **ਫੀਸ ...100/-ਰੁ ਪ੍ਰਤੀ ਵਿਦਿਆਰਥੀ ਹੋਵੇਗੀ। ਐਸੋਸੀਏਟਿਡ ਸਕੂਲਾਂ ਲਈ ਫੀਸ 200/-ਰੁ: ਪ੍ਰਤੀ ਵਿਦਿਆਰਥੀ ਹੋਵੇਗੀ।**

**ਨੋਟ: ਐਨ-3 ਫਾਰਮ ਵਖਰੇ ਤੌਰ ਤੇ ਨਹੀਂ ਭੇਜੇ ਜਾਣਗੇ। ਇਹ ਫਾਰਮ ਬੋਰਡ ਦੀ ਵੈਬ ਸਾਈਟ www.pseb.ac.in/Registration Section ਤੇ ਉਪਲੱਬਧ ਹੈ।**

ਸ) ਫਾਰਮ ਨੰ: ਐਮ -2,ਇਸ ਫਾਰਮ ਵਿੱਚ ਉਨ੍ਹਾਂ ਵਿਦਿਆਰਥੀਆਂ ਦੇ ਵੇਰਵੇ ਦਰਜ ਕਰਨੇ ਹਨ, ਜਿਨ੍ਹਾਂ ਨੇ ਨੌਵੀ ਦੀ ਪਰੀਖਿਆ ਕਿਸੇ ਹੋਰ ਰਾਜ/ਬੋਰਡ ਤੋ ਪਾਸ ਕੀਤੀ ਹੋਵੇ। ਸਕੂਲ ਮੁੱਖੀ ਦਾਖਲਾ ਸ਼ਡਿਊਲ ਅਨੁਸਾਰ ਤਹਿ ਹੋਈਆਂ ਮਿਤੀਆਂ ਤੱਕ ਹੀ ਦਾਖਲਾ ਦੇ ਸਕਦੇ ਹਨ। **ਫੀਸ ...1000/-ਰੁ ਪ੍ਰਤੀ ਵਿਦਿਆਰਥੀ ਹੋਵੇਗੀ।**

7. ਫਾਰਮ ਐਨ-2 (ਨੌਵੀਂ ਸ਼੍ਰੇਣੀ) ਅਤੇ ਅਤੇ ਐਮ-2 (ਦਸਵੀਂ ਸ਼੍ਰੇਣੀ) ਭਰਨ ਲਗਿਆਂ ਹੇਠ ਲਿਖੀਆਂ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ:-

1) ਬੋਰਡ ਦਾ ਅਸਲ ਮਾਈਗਰੇਸ਼ਨ ਸਰਟੀਫਿਕੇਟ (ਜਿੱਥੇ ਲਾਗੂ ਹੈ), ਵਿੱਦਿਅਕ ਸੈਸ਼ਨ ਦੋਰਾਨ ਜਾਂ ਹੇਠਲੀ ਪਰੀਖਿਆ ਪਾਸ ਕਰਨ ਉਪਰੰਤ ਸਕੂਲ ਛੱਡਣ ਦਾ ਸਰਟੀਫਿਕੇਟ ਜ਼ਿਲ੍ਹਾ ਸਿੱਖਿਆ ਅਫਸਰ ਜਾਂ ਸਬੰਧਤ ਬੋਰਡ ਦੇ ਸਮਰੱਥ ਅਧਿਕਾਰੀ ਦੁਆਰਾ ਪ੍ਰਤੀ ਹਸਤਾਖਰ ਹੋਣਾ ਚਾਹੀਦਾ ਹੈ।

(2) ਜਿਸ ਸ਼੍ਰੇਣੀ ਵਿੱਚ ਦਾਖਲ ਹੋਣਾ ਹੈ, ਉਸ ਤੋਂ ਪਹਿਲੀ ਸ਼੍ਰੇਣੀ ਪਾਸ ਹੋਣ ਦਾ ਸਬੂਤ (ਡਿਟੇਲ ਮਾਰਕਸ ਕਾਰਡ ਦੀ ਤਸਦੀਕ ਸ਼ੁਦਾ ਫੋਟੋਸਟੈਟ ਕਾਪੀ)

(3) ਪੰਜਾਬ ਸਕੂਲ ਸਿੱਖਿਆ ਬੋਰਡ ਦੇ ਬਰਾਬਰ ਦੀ ਯੋਗਤਾ ਦਾ ਸਮਾਨਤਾ ਪੱਤਰ (ਜੋ ਕਿ ਬੋਰਡ ਦੀ ਅਕਾਦਿਮਕ ਸ਼ਾਖਾ ਵੱਲੋਂ ਅਸਲ ਸਰਟੀਫਿਕੇਟਾਂ ਦੇ ਅਧਾਰ ਤੇ ਜਾਰੀ ਕੀਤਾ ਜਾਣਾ ਹੈ)।

ਹੇਠਲੀ ਪਰੀਖਿਆ ਸੀ.ਬੀ.ਐਸ.ਈ, ਆਈ.ਸੀ.ਐਸ.ਈ, ਹਰਿਆਣਾ, ਹਿਮਾਚਲ, ਜੰਮੂ ਕਸ਼ਮੀਰ, ਰਾਜਸਥਾਨ ਬੋਰਡ ਤੋਂ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਛੱਡ ਕੇ ਹੋਰ ਰਾਜ/ਬੋਰਡ ਦੇ ਵਿਦਿਆਰਥੀਆਂ ਦੇ ਕੇਸਾਂ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਅਕਾਦਿਮਕ ਸ਼ਾਖਾ ਵੱਲੋਂ ਸਮਾਨਤਾ ਪੱਤਰ ਪ੍ਰਾਪਤ ਕਰਕੇ ਪੇਸ਼ ਕੀਤੇ ਜਾਣ। 1 ਤੋਂ 3 ਤੱਕ ਅਸਲ ਦਸਤਾਵੇਜ਼ (ਡੀ.ਐਮ ਸੀ/ਐਸ.ਐਲ.ਸੀ/ਟਰਾਂਸਫਰ ਸਰਟੀਫਿਕੇਟ/ਸਮਾਨਤਾ ਪੱਤਰ) ਦੀਆਂ ਸਬੰਧਤ ਸਕੂਲ ਮੁੱਖੀ ਵੱਲੋਂ ਤਸਦੀਕ ਕੀਤੀਆਂ ਫੋਟੋਸਟੈਟ ਕਾਪੀਆਂ ਰਿਟਰਨ ਫਾਰਮ ਨਾਲ ਭੇਜੀਆਂ ਜਾਣ । ਮਾਈਗਰੇਸ਼ਨ ਸਰਟੀਫਿਕੇਟ ਅਸਲ ਭੇਜਿਆ ਜਾਵੇ। ਲੋੜ ਪੈਣ ਤੇ ਅਸਲ ਦਸਤਾਵੇਜ ਵੀ ਮੰਗਵਾਏ ਜਾ ਸਕਦੇ ਹਨ। ਇਹ ਦਸਤਾਵੇਜ ਰਿਟਰਨ ਨਾਲ ਨੱਥੀ ਕਰਕੇ ਭੇਜਣੇ ਜ਼ਰੂਰੀ ਹਨ। ਕਿਸੇ ਵਿਦਿਆਰਥੀ ਦਾ ਰਜਿ:ਨੰਬਰ ਸਮੇਂ ਸਿਰ ਅਲਾਟ ਨਾ ਹੋਣ ਸਬੰਧੀ ਸਮੁੱਚੀ ਜ਼ਿਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ।

8. **ਕੰਟੀਨਿਊਏਸ਼ਨ / ਰਜਿਸਟਰੇਸ਼ਨ ਰਿਟਰਨ/ਫੀਸ ਜਮ੍ਹਾਂ ਕਰਵਾਉਣ ਦੀਆ ਮਿਤੀਆਂ ਹੇਠ ਲਿਖੇ ਅਨੁਸਾਰ ਹਨ:-**

| | |
|---|---|
| ਮੁੱਖ ਰਿਟਰਨ ਬਿਨ੍ਹਾਂ ਲੇਟ ਫੀਸ | ਮਿਤੀ- 24-05-2013ਤੱਕ |
| ਮੁੱਖ ਰਿਟਰਨ 100/-ਰੁ: ਪ੍ਰਤੀ ਵਿਦਿਆਰਥੀ ਲੇਟ ਫੀਸ ਅਤੇ 2000/-ਰੁ: ਜੁਰਮਾਨਾ ਰਾਸ਼ੀ ਸਹਿਤ | ਮਿਤੀ- 31-05-2013ਤੱਕ |
| ਇੱਕ ਤੋਂ ਤਿੰਨ ਤੱਕ ਵਿਦਿਆਰਥੀਆਂ ਦੀ ਸਪਲੀਮੈਂਟਰੀ ਰਿਟਰਨ 100/- ਪ੍ਰਤੀ ਵਿਦਿਆਰਥੀ ਲੇਟ ਫੀਸ 500/- ਰੁ: ਜੁਰਮਾਨਾਂ ਰਾਸ਼ੀ ਸਾਹਿਤ | ਮਿਤੀ- 31-05-2013ਤੱਕ |

ਉਪਰੋਕਤ ਆਖਰੀ ਮਿਤੀਆਂ ਪਿੱਛੋਂ ਜੇਕਰ ਕੋਈ ਵਿਰਲਾ ਕੇਸ ਪ੍ਰਾਪਤ ਹੁੰਦਾ ਹੈ, ਤਾਂ ਉਸ ਵਿੱਚ ਨਿਰਧਾਰਿਤ ਫੀਸ ਤੋਂ ਇਲਾਵਾ ਵੱਧ ਜੁਰਮਾਨਾ ਰਾਸ਼ੀ ਮਾਨਯੋਗ ਚੇਅਰਮੈਨ ਸਾਹਿਬ ਦੇ ਆਦੇਸ਼ਾ ਅਨੁਸਾਰ ਚਾਰਜ਼ ਕੀਤੀ ਜਾਵੇਗੀ।

**ਰਜਿਸਟਰੇਸ਼ਨ/ਕੰਟੀਨਿਊਏਸ਼ਨ ਸਬੰਧੀ ਪੱਤਰ ਅਤੇ ਫਾਰਮ ਨੰਬਰ N-3 ਅਤੇ M-1 ਬੋਰਡ ਦੀ ਵੈਬ ਸਾਈਟ www.pseb.ac.in/Registration Section ਤੇ ਉਪਲੱਬਧ ਹਨ।**

ਡਾਇਰੈਕਟਰ(ਕੰਪਿ:ਸੈੱਲ)

ਵਾਸਤੇ ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ